GOVT. PUNJAB

# ਦਫਤਰ ਜਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।

(ਫੁੱਟਕਲ-1 ਸ਼ਾਖਾ)

## ਹੁਕਮ

**ਵਿਸ਼ਾ:-** ਸ਼ਹਿਰੀ ਖੇਤਰ ਵਿਚ ਗੁਰੂ ਨਾਨਕ ਦੇਵ ਸਟੇਡੀਅਮ, ਅੰਮ੍ਰਿਤਸਰ ਅਤੇ ਦਿਹਾਤੀ ਖੇਤਰ ਵਿਚ ਖੇਡ ਸਟੇਡੀਅਮ ਮਾਨਾਵਾਲਾ ਅਤੇ ਖਿਲਚੀਆਂ ਵਿੱਚ ਕਰਫਿਊ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਨੂੰ ਰੱਖਣ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਪੁਲਿਸ, ਅੰਮ੍ਰਿਤਸਰ ਸ਼ਹਿਰ ਵੱਲੋਂ ਪੱਤਰ ਨੰ: 43000/5 ਮਿਤੀ 06.04.2020 ਅਤੇ ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ (ਦਿਹਾਤੀ) ਵੱਲੋਂ ਪੱਤਰ ਨੰਬਰ 14805 ਮਿਤੀ 03.04.2020 ਰਾਹੀਂ ਕੋਵਿਡ-19 ਦੇ ਦਲਦਿਆਂ ਜਿਲ੍ਹਾ ਅੰਮ੍ਰਿਤਸਰ ਵਿਚ ਲੱਗੇ ਕਰਫਿਊ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਖਿਲਾਫ ਕਾਰਵਾਈ ਕਰਕੇ ਉਹਨਾਂ ਨੂੰ ਸ਼ਹਿਰੀ ਖੇਤਰ ਵਿਚ ਗੁਰੂ ਨਾਨਕ ਦੇਵ ਸਟੇਡੀਅਮ, ਅੰਮ੍ਰਿਤਸਰ ਅਤੇ ਦਿਹਾਤੀ ਖੇਤਰ ਵਿਚ ਖੇਡ ਸਟੇਡੀਅਮ ਮਾਨਾਵਾਲਾ ਅਤੇ ਖਿਲਚੀਆਂ ਵਿਚ ਰੱਖੇ ਜਾਣ ਦੀ ਤਜਵੀਜ ਭੇਜ ਕੇ ਬੇਨਤੀ ਕੀਤੀ ਗਈ ਹੈ।

ਉਕਤ ਦੇ ਮੱਦੇਨਜ਼ਰ ਮੈਂ, ਸ਼ਿਵਦੁਲਾਰ ਸਿੰਘ ਢਿੱਲੋਂ, ਆਈ.ਏ.ਐਸ., ਜਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ ਸ਼ਹਿਰੀ ਖੇਤਰ ਵਿੱਚ ਗੁਰੂ ਨਾਨਕ ਦੇਵ ਸਟੇਡੀਅਮ, ਅੰਮ੍ਰਿਤਸਰ ਅਤੇ ਦਿਹਾਤੀ ਖੇਤਰ ਵਿਚ ਖੇਡ ਸਟੇਡੀਅਮ ਮਾਨਾਵਾਲਾਂ ਅਤੇ ਖਿਲਚੀਆਂ ਨੂੰ 'The Punjab Epidemic disease, Act COVID-19, Regulation, 2020' ਵਿਚੱ ਦਿੱਤੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਕੋਵਿਡ-19 ਦੇ ਫੈਲਾਓ ਅਤੇ ਜਨਤਾ ਦੇ ਇਕੱਠ ਨੂੰ ਰੋਕਣ ਹਿੱਤ, ਉਕਤ ਥਾਵਾਂ ਦਾ ਪ੍ਰਯੋਗ ਕਰਫਿਊ ਦੀ ਉਲੰਘਣਾ ਕਰਨ ਵਾਲਿਆਂ ਨੂੰ ਆਰਜ਼ੀ ਤੌਰ ਤੇ ਰੱਖਣ ਲਈ, ਦਾ ਹੁਕਮ ਦਿੰਦਾ ਹਾਂ। ਕਮਿਸ਼ਨਰ, ਪੁਲਿਸ ਅੰਮ੍ਰਿਤਸਰ (ਸ਼ਹਿਰੀ) ਅਤੇ ਸੀਨੀਅਰ ਕਪਤਾਨ ਪੁਲਿਸ, ਅੰਮ੍ਰਿਤਸਰ (ਦਿਹਾਤੀ) ਉਕਤ ਥਾਵਾਂ ਤੇ ਸਹਾਇਕ ਕਮਿਸ਼ਨਰ ਪੁਲਿਸ ਅਤੇ ਡਿਪਟੀ ਸੁਪਰਡੰਟ ਪੁਲਿਸ ਦੇ ਅਧਿਕਾਰੀਆਂ ਦੀ ਡਿਊਟੀ ਲਗਾਉਣਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਉਕਤ ਥਾਵਾਂ ਤੇ ਕੋਵਿਡ-19 ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਇਸ, ਹੁਕਮ ਦਾ ਪ੍ਰਚਾਰ ਜਿਲ੍ਹਾ ਲੋਕ ਸੰਪਰਕ ਅਫਸਰ, ਅੰਮ੍ਰਿਤਸਰ ਵੱਲੋਂ ਪ੍ਰਚਾਰ ਵੈਨ/ਦੂਰਦਰਸ਼ਨ/ਪ੍ਰੈਸ ਮਾਧਿਅਮ ਰਾਹੀਂ ਕਰਵਾਇਆ ਜਾਵੇ ਅਤੇ ਪੁਲਿਸ ਸਟੇਸ਼ਨਾਂ/ਨਗਰ ਨਿਗਮ/ਉਪ ਮੰਡਲ ਮੈਜਿਸਟਰੇਟਾਂ/ਤਹਿਸੀਲਦਾਰਾਂ ਅਤੇ ਸਦਰ ਮੁਕਾਮਾ ਦੇ ਨੋਟਿਸ ਬੋਰਡਾਂ ਤੇ ਇਸ ਹੁਕਮ ਦੀ ਨਕਲ ਚਸਪਾ ਕੀਤਾ ਜਾਵੇ।

ਇਹ ਹੁਕਮ ਅੱਜ ਮਿਤੀ 07/04/2020 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ ਹੈ।

ਮਿਤੀ: 07-04-2020

-ਸਹੀ/-
ਸ਼ਿਵਦੁਲਾਰ ਸਿੰਘ ਢਿੱਲੋਂ, ਆਈ.ਏ.ਐਸ.,
ਜਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ।

ਪਿੱਠਅੰਕਣ ਨੰਬਰ ਕੋਵਿਡ-19/365-372 ਮਿਤੀ: 07/04/2020

ਇਸ ਦਾ ਇੱਕ ਉਤਾਰਾ:-

1. ਕਮਿਸ਼ਨਰ, ਜਲੰਧਰ ਮੰਡਲ, ਜਲੰਧਰ।
2. ਇੰਸਪੈਕਟਰ ਜਨਰਲ ਆਫ ਪੁਲਿਸ, ਅੰਮ੍ਰਿਤਸਰ।
3. ਕਮਿਸ਼ਨਰ ਪੁਲਿਸ, ਅੰਮ੍ਰਿਤਸਰ (ਸ਼ਹਿਰੀ)।
4. ਜਿਲ੍ਹਾ ਤੇ ਸੈਸ਼ਨ ਜੱਜ, ਅੰਮ੍ਰਿਤਸਰ।
5. ਸੀਨੀਅਰ ਪੁਲਿਸ ਕਪਤਾਨ, ਅੰਮ੍ਰਿਤਸਰ (ਦਿਹਾਤੀ)।
6. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਅੰਮ੍ਰਿਤਸਰ।
7. ਜਿਲ੍ਹਾ ਖੇਡ ਅਫ਼ਸਰ, ਅੰਮ੍ਰਿਤਸਰ।
8. ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫ਼ਸਰ, ਅੰਮ੍ਰਿਤਸਰ।

ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਮੈਜਿਸਟਰੇਟ,
ਅੰਮ੍ਰਿਤਸਰ।

Scanned by CamScanner